THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:- ਪੀ.ਐਸ.ਬੀ.ਟੀ/ਆਈ.ਟੀ/2019/ 1808 ਮਿਤੀ:- 24.07.2019

ਵੱਲ,

ਪ੍ਰਿੰਸੀਪਲ,
ਪ੍ਰੀਖਿਆ ਕੇਂਦਰ ਐਨ.ਸੀ.ਵੀ.ਟੀ ਪ੍ਰੀਖਿਆ (ਸਮੈਸਟਰ ਅਤੇ ਐਨੂਅਲ ਸਿਸਟਮ) ਜੁਲਾਈ/ਅਗਸਤ 2019 ਅਤੇ ਨੋਡਲ ਸੈਂਟਰ,
ਪੰਜਾਬ ਰਾਜ ਅਧੀਨ।

**ਵਿਸ਼ਾ: ਐਨ.ਸੀ.ਵੀ.ਟੀ ਪ੍ਰੀਖਿਆ (ਐਨੂਅਲ ਅਤੇ ਸਮੈਸਟਰ ਸਿਸਟਮ) ਜੁਲਾਈ/ਅਗਸਤ-2019 ਦੇ ਪ੍ਰੈਕਟੀਕਲ ਮਾਰਕਸ ਦੀ ਆਨਲਾਈਨ ਐਂਟਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਐਨ.ਸੀ.ਵੀ.ਟੀ ਸਕੀਮ ਅਧੀਨ ਸੈਸ਼ਨ ਜੁਲਾਈ/ਅਗਸਤ-2019 ਦੀ ਪ੍ਰੀਖਿਆ (ਐਨੂਅਲ ਅਤੇ ਸਮੈਸਟਰ ਸਿਸਟਮ) ਵਿੱਚ ਅਪੀਅਰ ਹੋਏ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ www.pbteched.net ਤੇ ਆਪਣੇ ਅਲਾਟ ਹੋਏ ਲੌਗਿਨ ਵਿੱਚ ਮਿਤੀ 24-07-2019 ਤੋਂ 31-07-2019 ਤੱਕ ਹੇਠ ਦਰਸਾਈਆਂ ਹਦਾਇਤਾਂ ਅਨੁਸਾਰ ਐਂਟਰੀ ਕਰਨੇ ਯਕੀਨੀ ਬਣਾਏ ਜਾਣ:

1. ਪ੍ਰੀਖਿਆ ਕੇਂਦਰਾਂ ਦੁਆਰਾ ਆਪਣੇ ਅਲਾਟ ਹੋਏ username and password ਨਾਲ www.pbteched.net ਤੇ ਲੌਗਿਨ ਕਰਕੇ ਆਪਣੀ ਸੰਸਥਾ ਅਤੇ ਆਪਣੀ ਸੰਸਥਾ ਦੇ ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੇ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਲੌਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।
2. ਪ੍ਰੀਖਿਆ ਕੇਂਦਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਦੁਆਰਾ ਪ੍ਰੀਖਿਅਕ ਵੱਲੋਂ ਤਿਆਰ ਕੀਤੇ ਗਏ ਅਵਾਰਡ ਰੋਲ (ਅਸਲ ਕਾਪੀ) ਅਤੇ ਆਨਲਾਈਨ ਐਂਟਰੀ ਕੀਤੇ ਗਏ ਪ੍ਰੈਕਟੀਕਲ ਮਾਰਕਸ ਦਾ ਪ੍ਰਿੰਟ ਆਊਟ ਲੌਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਤਿਆਰ ਕਰਕੇ ਆਪਣੇ ਜਿਲ੍ਹੇ ਦੇ ਨੋਡਲ ਸੈਂਟਰ ਵਿੱਚ ਮਿਤੀ 02-08-2019 ਤੱਕ ਜਮ੍ਹਾਂ ਕਰਵਾਏ ਜਾਣ। ਪ੍ਰੀਖਿਆ ਕੇਂਦਰਾਂ ਦੁਆਰਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਹਨਾਂ ਦੇ ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੀਆਂ ਸਾਰੀਆਂ ਟਰੇਡਾਂ ਦੇ ਸਾਰੇ ਸਿਖਿਆਰਥੀਆਂ (ਜੋ ਕਿ ਪ੍ਰੈਕਟੀਕਲ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ) ਦੇ ਪ੍ਰੈਕਟੀਕਲ ਮਾਰਕਸ ਆਨਲਾਈਨ ਐਂਟਰ ਹੋ ਚੁੱਕੇ ਹਨ ਅਤੇ ਜੇਕਰ ਕਿਸੇ ਸੰਸਥਾ ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਐਂਟਰੀ ਹੋਣੇ ਰਹਿ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰ ਪ੍ਰੀਖਿਆ ਕੇਂਦਰ ਦੀ ਹੀ ਹੋਵੇਗੀ।
3. ਨੋਡਲ ਸੈਂਟਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਦੁਆਰਾ ਆਪਣੇ ਜਿਲ੍ਹੇ ਦੇ ਪ੍ਰੀਖਿਆ ਕੇਂਦਰਾਂ ਤੋਂ ਪ੍ਰਾਪਤ ਹੋਈਆਂ ਅਸਲ ਅਵਾਰਡ ਰੋਲ ਅਤੇ ਐਂਟਰ ਕੀਤੇ ਪ੍ਰੈਕਟੀਕਲ ਮਾਰਕਸ ਦੇ ਪ੍ਰਿੰਟ ਆਊਟ ਮਿਤੀ 05-08-2019 ਅਤੇ 06-08-2019 ਨੂੰ ਟੂਰ ਤੇ ਆਉਣ ਵਾਲੇ ਬੋਰਡ ਦਫਤਰ ਦੇ ਕਰਮਚਾਰੀਆਂ ਨੂੰ ਪ੍ਰੀਖਿਆ ਕੇਂਦਰ ਵਾਈਜ ਉੱਤਰ ਕਾਪੀਆਂ ਦੇ ਨਾਲ ਹੀ ਹੈਂਡ ਓਵਰ ਕਰ ਦਿੱਤੇ ਜਾਣ ਅਤੇ ਜੇਕਰ ਕਿਸੇ ਪ੍ਰੀਖਿਆ ਕੇਂਦਰ ਤੋਂ ਉਕਤ ਦਸਤਾਵੇਜ ਪ੍ਰਾਪਤ ਨਹੀਂ ਹੋਏ ਹਨ ਤਾਂ ਉਸ ਸਬੰਧੀ ਵੀ ਬੋਰਡ ਦਫਤਰ ਨੂੰ ਸੂਚਿਤ ਕੀਤਾ ਜਾਵੇ।
4. ਜੇਕਰ ਕਿਸੇ ਪ੍ਰੀਖਿਆ ਕੇਂਦਰ ਦੇ ਪ੍ਰੈਕਟੀਕਲ ਮਾਰਕਸ ਦੀ ਹਾਰਡ ਕਾਪੀ ਬੋਰਡ ਦਫਤਰ ਵਿਖੇ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ ਤਾਂ ਇਸ ਅਣਗਹਿਲੀ ਲਈ ਜਿੰਮੇਵਾਰ ਪ੍ਰੀਖਿਆ ਕੇਂਦਰ/ਨੋਡਲ ਸੰਸਥਾ ਖਿਲਾਫ ਰੂਲਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਅਨੁਸਾਰ ਦਰਸਾਈਆਂ ਮਿਤੀਆਂ ਫਾਈਨਲ ਹਨ ਅਤੇ extend ਨਹੀਂ ਕੀਤੀਆਂ ਜਾਣਗੀਆਂ। ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਹੈ ਜੀ।

24.7.19

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਾਹਿਬ।